Australian Government

ਤੱਥ ਸ਼ੀਟ

# ਮੇਰੇ ਘਰ ਦੇ ਨੇੜੇ ਛੋਟੇ ਸੈੱਲ ਲਗਾਏ ਜਾ ਰਹੇ ਹਨ। ਮੈਨੂੰ ਕੀ ਜਾਣਨ ਦੀ ਲੋੜ ਹੈ?

ਛੋਟੇ ਸੈੱਲ ਛੋਟੇ ਆਕਾਰ ਦੇ ਦੂਰਸੰਚਾਰ ਉਪਕਰਣ ਹਨ ਜੋ ਸਥਾਨਕ ਕਵਰੇਜ ਨੂੰ ਬਿਹਤਰ ਬਣਾਉਣ, ਸਮਰੱਥਾ ਵਧਾਉਣ ਅਤੇ ਸਾਡੇ ਭਾਈਚਾਰਿਆਂ ਵਿੱਚ ਨਵੀਆਂ ਜਾਂ ਵਧੀਆਂ ਮੋਬਾਈਲ ਸੇਵਾਵਾਂ ਦਾ ਸਮਰਥਨ ਕਰਨ ਲਈ ਵਰਤੇ ਜਾਂਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ, ਛੋਟੇ ਸੈੱਲ ਘੱਟ-ਪਾਵਰ ਵਾਲੇ ਰੇਡੀਓ ਟ੍ਰਾਂਸਮੀਟਰਾਂ ਦੀ ਵਰਤੋਂ ਕਰਦੇ ਹਨ ਜੋ ਰੇਡੀਓਫ੍ਰੀਕੁਐਂਸੀ ਇਲੈਕਟ੍ਰੋਮੈਗਨੈਟਿਕ ਐਨਰਜੀ (RF EME) ਨੂੰ ਉਨ੍ਹਾਂ ਪੱਧਰਾਂ ਤੋਂ ਹੇਠਾਂ ਦੇ ਪੱਧਰਾਂ ਤੱਕ ਛੱਡਦੇ ਹਨ ਜਿਨ੍ਹਾਂ ਦੀ ਪਛਾਣ ਸਰਕਾਰ ਦੁਆਰਾ ਆਸਟ੍ਰੇਲੀਅਨਾਂ ਲਈ ਰੋਜ਼ਮਰਾ ਤੌਰ 'ਤੇ ਇਨ੍ਹਾਂ ਦੇ ਨੇੜੇ ਰਹਿਣ, ਕੰਮ ਕਰਨ ਅਤੇ ਪੜ੍ਹਾਈ ਕਰਨ ਲਈ ਸੁਰੱਖਿਅਤ ਹੋਣ ਦੇ ਤੌਰ 'ਤੇ ਕੀਤੀ ਗਈ ਹੈ। ਤੁਸੀਂ ਸਟਰੀਟ ਲਾਈਟਾਂ, ਬਿਜਲੀ ਦੇ ਖੰਭਿਆਂ ਜਾਂ ਬੱਸ ਸਟੇਸ਼ਨਾਂ ਵਰਗੇ ਢਾਂਚਿਆਂ 'ਤੇ ਲਗਾਏ ਹੋਏ ਛੋਟੇ ਸੈੱਲ ਦੇਖੇ ਹੋਣਗੇ।



## ਮੈਂ ਛੋਟੇ ਸੈੱਲਾਂ ਬਾਰੇ ਇੰਨਾ ਜ਼ਿਆਦਾ ਕਿਉਂ ਸੁਣ ਰਿਹਾ/ਰਹੀ ਹਾਂ?

ਇਸ ਕਾਰਨ ਦਾ ਇੱਕ ਹਿੱਸਾ 5G ਹੈ। ਇਹ ਮੋਬਾਈਲ ਫ਼ੋਨ ਨੈੱਟਵਰਕਾਂ ਲਈ ਤਕਨਾਲੋਜੀ ਦੀ ਨਵੀਂ ਪੀੜ੍ਹੀ ਹੈ ਅਤੇ ਦੂਰਸੰਚਾਰ ਕੰਪਨੀਆਂ ਨਵੇਂ ਛੋਟੇ ਸੈੱਲ ਬੁਨਿਆਦੀ ਢਾਂਚੇ ਨੂੰ ਲਗਾ ਰਹੀਆਂ ਹਨ। ਇਹ ਗਾਹਕਾਂ ਨੂੰ ਆਪਣੇ ਲਈ ਨਵੀਂ ਤਕਨਾਲੋਜੀ ਦੇ ਲਾਭਾਂ ਨੂੰ ਮਹਿਸੂਸ ਕਰਨ ਦੇ ਯੋਗ ਬਣਾਵੇਗਾ, ਜਿਵੇਂ ਕਿ ਤੇਜ਼ ਡਾਊਨਲੋਡਸ, ਉੱਚ ਡਾਟਾ ਸੀਮਾਵਾਂ, ਅਤੇ ਸਮੱਗਰੀ ਲੋਡ ਕਰਨ ਵਿੱਚ ਘੱਟ ਸਮਾਂ ਲੱਗਣਾ। ਵਿਆਪਕ ਲਾਭਾਂ ਦਾ ਮਤਲਬ ਹੈ ਕਿ ਨਵੀਂ ਤਕਨਾਲੋਜੀ ਦੀ ਵਰਤੋਂ ਉਹਨਾਂ ਐਪਲੀਕੇਸ਼ਨਾਂ ਲਈ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਬਹੁਤ ਸਾਰੇ ਡੇਟਾ ਦੀ ਲੋੜ ਹੁੰਦੀ ਹੈ, ਜਿਵੇਂ ਕਿ ਘਰ ਤੋਂ ਕੰਮ ਕਰਨਾ, ਜਾਂ ਰਿਮੋਟ ਸਿਹਤ ਸੇਵਾਵਾਂ।

## ਇਸਦਾ ਮਤਲਬ, ਛੋਟੇ ਸੈੱਲ ਨਵੀਂ ਚੀਜ਼ ਹਨ?

ਛੋਟੇ ਸੈੱਲ ਕੋਈ ਨਵੀਂ ਚੀਜ਼ ਨਹੀਂ ਹਨ। ਉਹ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਦੂਰਸੰਚਾਰ ਬੁਨਿਆਦੀ ਢਾਂਚੇ ਦਾ ਇੱਕ ਜ਼ਰੂਰੀ ਹਿੱਸਾ ਰਹੇ ਹਨ ਅਤੇ ਸਥਾਨਕ ਖੇਤਰਾਂ ਵਿੱਚ ਕਵਰੇਜ ਨੂੰ ਬਿਹਤਰ ਬਣਾਉਣ, ਸਮਰੱਥਾ ਜੋੜਨ ਅਤੇ ਨਵੀਆਂ ਜਾਂ ਵਧੀਆਂ ਸੇਵਾਵਾਂ ਅਤੇ ਅਨੁਭਵਾਂ, ਜਿਵੇਂ ਕਿ 5G, ਦਾ ਸਮਰਥਨ ਕਰਨ ਲਈ ਵੱਡੇ ਮੈਕਰੋ ਮੋਬਾਈਲ ਫ਼ੋਨ ਨੈੱਟਵਰਕ ਦੇ ਪੂਰਕ ਹਨ।

## ਇਹ ਛੋਟੇ ਸੈੱਲ ਕੌਣ ਲਗਾਉਂਦਾ ਹੈ?

ਸਰਕਾਰ ਨੇ ਟੈਲਸਟ੍ਰਾ, ਓਪਟਸ ਅਤੇ ਵੋਡਾਫੋਨ/ਟੀ.ਪੀ.ਜੀ. ਵਰਗੀਆਂ ਦੂਰਸੰਚਾਰ ਕੰਪਨੀਆਂ ਨੂੰ ਸਰਕਾਰੀ ਜਾਂ ਨਿੱਜੀ ਜ਼ਮੀਨਾਂ ਅਤੇ ਬੁਨਿਆਦੀ ਢਾਂਚੇ 'ਤੇ ਘੱਟ-ਪ੍ਰਭਾਵ ਵਾਲੀਆਂ ਸਹੂਲਤਾਂ, ਜਿਵੇਂ ਕਿ ਛੋਟੇ ਸੈੱਲਾਂ ਦੇ ਤੌਰ 'ਤੇ ਨਿਰਧਾਰਿਤ ਦੂਰਸੰਚਾਰ ਬੁਨਿਆਦੀ ਢਾਂਚੇ ਨੂੰ ਸਥਾਪਿਤ ਕਰਨ ਦੀ ਆਗਿਆ ਦੇਣ ਵਾਲੇ ਕਾਨੂੰਨ ਲਾਗੂ ਕੀਤੇ ਹਨ ਅਤੇ ਸਥਾਪਿਤ ਕਰਨ ਦੀਆਂ ਗਤੀਵਿਧੀਆਂ ਬਾਰੇ ਦੂਰਸੰਚਾਰ ਕੰਪਨੀਆਂ ਦੇ ਕੰਮ ਕਰਨ ਦੇ ਤਰੀਕੇ ਲਈ ਨਿਯਮ ਬਣਾਏ ਹਨ। ਮੋਬਾਈਲ ਫ਼ੋਨ ਬੇਸ ਸਟੇਸ਼ਨ ਸਥਾਪਨਾ ਲਈ ਇੰਡਸਟਰੀ ਕੋਡ, ਦੂਰਸੰਚਾਰ ਕੰਪਨੀਆਂ ਨੂੰ ਉਨ੍ਹਾਂ ਦੀ ਜ਼ਮੀਨ ਜਾਂ ਬੁਨਿਆਦੀ ਢਾਂਚੇ 'ਤੇ ਪ੍ਰਸਤਾਵਿਤ ਸਥਾਪਨਾਵਾਂ ਦੇ ਮਾਲਕਾਂ ਅਤੇ ਕਾਬਜ਼ਕਾਰਾਂ ਨੂੰ ਸੂਚਿਤ ਕਰਨ, ਅਤੇ ਨੇੜੇ-ਤੇੜੇ ਦੇ ਭਾਈਚਾਰੇ ਨੂੰ ਸੂਚਿਤ ਕਰਨ ਦੀ ਮੰਗ ਕਰਦਾ ਹੈ।

## ਅਤੇ ਉਹਨਾਂ ਨੂੰ ਨਿਯਮਤ ਕਰਨ ਲਈ ਕੌਣ ਜ਼ਿੰਮੇਵਾਰ ਹੈ?

ਆਸਟ੍ਰੇਲੀਅਨ ਕਮਿਊਨੀਕੇਸ਼ਨ ਐਂਡ ਮੀਡੀਆ ਅਥਾਰਟੀ (ACMA) ਇਹ ਯਕੀਨੀ ਬਣਾਉਣ ਲਈ ਜਾਂਚ ਕਰ ਸਕਦੀ ਹੈ ਕਿ ਦੂਰਸੰਚਾਰ ਕੰਪਨੀਆਂ ਇੰਡਸਟਰੀ ਕੋਡ ਵਿੱਚ ਦਿੱਤੀਆਂ ਨੋਟੀਫਿਕੇਸ਼ਨ ਸ਼ਰਤਾਂ ਦੀ ਪਾਲਣਾ ਕਰਦੀਆਂ ਹਨ ਅਤੇ ਛੋਟੇ ਸੈੱਲਾਂ, ਜਾਂ ਹੋਰ ਦੂਰਸੰਚਾਰ ਸਹੂਲਤਾਂ ਤੋਂ ਨਿਕਲਣ ਵਾਲੇ RF EME ਦੇ ਪੱਧਰਾਂ ਦੀ ਵੀ ਜਾਂਚ ਕਰ ਸਕਦੀਆਂ ਹਨ, ਕਿ ਉਹ ਆਸਟ੍ਰੇਲੀਅਨ ਰੇਡੀਏਸ਼ਨ ਪ੍ਰੋਟੈਕਸ਼ਨ ਅਤੇ ਨਿਊਕਲੀਅਰ ਸੇਫ਼ਟੀ ਏਜੰਸੀ (ARPANSA) ਦੁਆਰਾ ਨਿਰਧਾਰਤ ਸੰਬੰਧਿਤ ਰੇਡੀਓਫ੍ਰੀਕੁਐਂਸੀ ਸਟੈਂਡਰਡ ਵਿੱਚ ਪਛਾਣੇ ਗਏ ਸੁਰੱਖਿਅਤ ਐਕਸਪੋਜਰ ਦੇ ਅਧਿਕਤਮ ਪੱਧਰ ਤੋਂ ਹੇਠਾਂ ਹਨ।

## ਪਰ ਕੀ ਉਹ ਸੁਰੱਖਿਅਤ ਹਨ?

ਛੋਟੇ ਸੈੱਲ ਵੀ ਉਹੀ ਨਿਯਮਾਂ ਦੇ ਅਧੀਨ ਹਨ ਜਿਵੇਂ ਕਿ ਹੋਰ ਸਾਰੇ ਮੋਬਾਈਲ ਫ਼ੋਨ ਬੇਸ ਸਟੇਸ਼ਨਾਂ, ਡਿਵਾਈਸਾਂ ਅਤੇ ਹੋਰ ਦੂਰਸੰਚਾਰ ਉਪਕਰਨਾਂ ਵਿੱਚ ਵਰਤੇ ਜਾਂਦੇ ਉਪਕਰਣ। ARPANSA ਦੇ ਰੇਡੀਓਫ੍ਰੀਕੁਐਂਸੀ ਸਟੈਂਡਰਡ ਵਿੱਚ ਨਿਰਧਾਰਤ ਪੱਧਰਾਂ ਦੇ ਅੰਦਰ ਕੰਮ ਕਰਦੇ ਸਮੇਂ, ਛੋਟੇ ਸੈੱਲ ਅਤੇ ਹੋਰ ਦੂਰਸੰਚਾਰ ਬੁਨਿਆਦੀ ਢਾਂਚਾ ਸੁਰੱਖਿਅਤ ਹੁੰਦਾ ਹੈ।

**eme.gov.au** 'ਤੇ ਸੁਰੱਖਿਅਤ ਕੁਨੈਕਸ਼ਨ ਦੇ ਵਿਗਿਆਨ ਬਾਰੇ ਹੋਰ ਜਾਣੋ

THE SCIENCE OF SAFE CONNECTION